# ਪੰਜਾਬ ਸਕੂਲ ਸਿੱਖਿਆ ਬੋਰਡ

## (ਪ੍ਰਯੋਗੀ ਪ੍ਰੀਖਿਆ ਦੇ ਅੰਕ ਦਰਜ਼ ਕਰਨ ਸਬੰਧੀ ਹਦਾਇਤਾਂ)

**ਵਿਸ਼ਾ:- ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਮਾਰਚ 2026 ਸਾਲਾਨਾ ਪ੍ਰੀਖਿਆ ਅਧੀਨ ਪ੍ਰਯੋਗੀ ਵਿਸ਼ਿਆਂ ਦੇ ਅੰਕ ਆਨ-ਲਾਈਨ ਕਰਨ ਬਾਰੇ ਹਦਾਇਤਾਂ।**

01. ਪ੍ਰੀਖਿਆ ਲਈ ਪ੍ਰਯੋਗੀ ਵਿਸ਼ੇ ਦੇ ਅੰਕ ਆਨ-ਲਾਈਨ ਕਰਨ ਲਈ ਸਕੂਲਾਂ ਨੂੰ ਮਿਤੀ: 02.02.2026 ਤੋਂ 16.02.2026 ਤੱਕ ਦਾ ਸਮਾਂ ਦਿੱਤਾ ਗਿਆ ਹੈ। ਇਸ ਤੋਂ ਬਾਅਦ ਆਨ-ਲਾਈਨ ਡਾਟਾ ਲਾਕ ਕਰ ਦਿੱਤਾ ਜਾਵੇਗਾ।
02. ਜੇਕਰ ਪ੍ਰੀਖਿਆਰਥੀ ਗੈਰ-ਹਾਜ਼ਰ ਹੈ ਤਾਂ ਕਾਲਮ ਵਿੱਚ ਅੰਕਾਂ ਦੀ ਥਾਂ ਲਿਸਟ ਵਿੱਚ A(ABS) Choose ਕੀਤਾ ਜਾਵੇ।
03. ਜੇਕਰ ਪ੍ਰੀਖਿਆਰਥੀ ਦੀ ਯੋਗਤਾ ਰੱਦ ਹੈ ਤਾਂ ਅਵਾਰਡ ਲਿਸਟ ਵਿੱਚ C(CAN) Choose ਕੀਤਾ ਜਾਵੇ।
04. ਫਾਈਨਲ ਸਬਮਿਸ਼ਨ ਕਰਨ ਤੋਂ ਪਹਿਲਾਂ ਰਫ ਪ੍ਰਿੰਟ ਲੈ ਕੇ ਪ੍ਰੀਖਿਆਰਥੀਆਂ ਦੇ ਵਿਸ਼ੇ ਦੇ ਭਰੇ ਅੰਕ ਚੈੱਕ ਕਰ ਲਏ ਜਾਣ, ਜੇਕਰ ਕੋਈ ਤਰੁੱਟੀ ਹੈ ਤਾਂ ਆਨ-ਲਾਈਨ ਸੋਧ ਕਰ ਲਈ ਜਾਵੇ।
05. ਫਾਈਨਲ ਸਬਮਿਸ਼ਨ ਕਰਨ ਉਪਰੰਤ ਆਨ-ਲਾਈਨ ਡਾਟਾ ਲਾਕ ਹੋ ਜਾਵੇਗਾ ਅਤੇ ਕਿਸੇ ਵੀ ਪ੍ਰਕਾਰ ਦੀ ਸੋਧ ਨਹੀਂ ਕੀਤੀ ਜਾ ਸਕੇਗੀ।
06. ਪ੍ਰਯੋਗੀ ਪ੍ਰੀਖਿਆ ਦੇ ਅੰਕ ਭਰਨ ਲਈ Drop Down List ਵਿਚੋਂ ਅੰਕ Choose ਕੀਤੇ ਜਾਣ।
07. ਸਬੰਧਤ ਸਕੂਲ ਪ੍ਰਯੋਗੀ ਚੋਣਵੇਂ ਵਿਸ਼ੇ ਦੇ ਫਾਈਨਲ ਸਬਮਿਸ਼ਨ ਦਾ ਪ੍ਰਿੰਟ ਆਪਣੇ ਰਿਕਾਰਡ ਵਿੱਚ ਰੱਖਣਗੇ, ਇਸ ਪ੍ਰਿੰਟ ਨੂੰ ਮੁੱਖ ਦਫ਼ਤਰ ਜਾਂ ਖੇਤਰੀ ਦਫ਼ਤਰ ਜਮ੍ਹਾਂ ਨਾ ਕਰਵਾਇਆ ਜਾਵੇ।
08. ਪ੍ਰਯੋਗੀ ਵਿਸ਼ੇ ਦੇ ਹਸਤਾਖਰ ਚਾਰਟ ਮਿਤੀ: 20.02.2026 ਤੱਕ ਖੇਤਰੀ ਦਫ਼ਤਰਾਂ ਵਿਖੇ ਅਤੇ ਜ਼ਿਲ੍ਹਾ ਐਸ.ਏ.ਐਸ ਨਗਰ ਦੇ ਮੁੱਖ ਦਫ਼ਤਰ, ਪ੍ਰੀਖਿਆ ਸ਼ਾਖਾ ਅੱਠਵੀਂ/ਦਸਵੀਂ/ਬਾਰ੍ਹਵੀਂ ਦੇ ਸਬੰਧਤ ਸੈੱਟਾਂ ਵਿੱਚ ਜਮ੍ਹਾਂ ਕਰਵਾਏ ਜਾਣ।

***ਨੋਟ:-*** ***ਪ੍ਰਯੋਗੀ ਪ੍ਰੀਖਿਆ ਦੇ ਅੰਕ ਭਰਨ ਤੋਂ ਪਹਿਲਾਂ ਸਕੂਲ ਮੁੱਖੀ ਸਾਰੇ ਪ੍ਰੀਖਿਆਰਥੀਆਂ ਦੀ ਵਿਸ਼ੇ ਵਾਰ CONSOLIDATED ਕਾਪੀ ਤਿਆਰ ਕਰਵਾ ਲੈਣ ਤਾਂ ਜੋ ਆਨ-ਲਾਈਨ ਅੰਕ ਭਰਨ ਵਿੱਚ ਕੋਈ ਦਿੱਕਤ ਨਾ ਆਵੇ। ਇਸ ਕੰਮ ਲਈ ਪੋਰਟਲ ਵਿੱਚ Rough Print ਲਿਆ ਜਾ ਸਕਦਾ ਹੈ, ਜਿਸ ਵਿੱਚ ਸਾਰੇ ਪ੍ਰੀਖਿਆਰਥੀਆਂ ਦੇ ਵਿਸ਼ੇ ਪ੍ਰਿੰਟ ਹੋਣਗੇ।***

| | | |
|---|---|---|
| 28/01/26 | 28/01/26 | |
| ਸੁਪਰਡੰਟ | ਸੁਪਰਡੰਟ | ਸੁਪਰਡੰਟ |
| (ਪ੍ਰੀਖਿਆ ਸ਼ਾਖਾ ਅੱਠਵੀਂ) | (ਪ੍ਰੀਖਿਆ ਸ਼ਾਖਾ ਦਸਵੀਂ) | (ਪ੍ਰੀਖਿਆ ਸ਼ਾਖਾ ਬਾਰ੍ਹਵੀਂ) |
| 28/1/26 | | |